## ਮਨੁੱਖੀ ਹੱਕ

### ਇਨ੍ਹਾਂ ਹੱਕਾਂ ਦਾ ਇਹ ਮਤਲਬ ਵੀ ਹੈ ਕਿ ਤੁਹਾਡੇ ਬੱਚਿਆਂ ਤੋਂ ਇਹ ਉਮੀਦਾਂ ਰੱਖੀਆਂ ਜਾਂਦੀਆਂ ਹਨ:

- ਸਕੂਲ ਨੇਮ ਨਾਲ ਜਾ ਕੇ, ਸਕੂਲ ਦੇ ਨਿਯਮਾਂ ਦੀ ਪਾਲਣਾ ਕਰਕੇ ਅਤੇ ਆਪਣੇ ਵੱਲੋਂ ਵੱਧ ਤੋਂ ਵੱਧ ਕੋਸ਼ਿਸ਼ ਕਰਕੇ ਪੜ੍ਹਾਈ ਦਾ ਫਾਇਦਾ ਲੈਣ ਦੀ ਜਿਹੜੀ ਕਿ ਉਨ੍ਹਾਂ ਨੂੰ ਕਰਵਾਈ ਜਾਂਦੀ ਹੈ।
- ਆਪਣੇ ਸਕੂਲਾਂ ਅਤੇ ਕਮਿਉਨਟੀਆਂ ਵਿਚ ਬਾਲਗਾਂ ਅਤੇ ਬੱਚਿਆਂ ਦੇ ਸਭਿਆਚਾਰਾਂ ਅਤੇ ਰਵਾਇਤਾਂ ਲਈ ਆਦਰ ਦਿਖਾਉਣ ਦੀ।
- ਦੂਜਿਆਂ ਖਿਲਾਫ ਵਿਤਕਰਾ ਕਰਨ ਤੋਂ ਪਰਹੇਜ਼ ਕਰਨ ਦੀ।
- ਅਜਿਹਾ ਮਾਹੌਲ ਬਣਾਉਣ ਵਿਚ ਮਦਦ ਕਰਨ ਦੀ ਜਿਹੜਾ ਸਮਝ, ਸਹਿਣਸ਼ੀਲਤਾ ਵਾਲਾ ਅਤੇ ਸ਼ਾਂਤ ਹੋਵੇ।
- ਸਕੂਲ ਦੇ ਆਪਣੇ ਦਿਨ ਦੇ ਹਿੱਸੇ ਵਜੋਂ ਖੇਡਾਂ ਅਤੇ ਮਨੋਰੰਜਨ ਵਿਚ ਹਿੱਸਾ ਲੈਣ ਦੀ।

### ਬੱਚਿਆਂ ਦੀਆਂ ਇਹ ਜ਼ਿੰਮੇਵਾਰੀਆਂ ਵੀ ਹਨ:

- ਪਰਿਵਾਰ ਦੇ ਸਾਰੇ ਮੈਂਬਰਾਂ ਦਾ ਆਦਰ ਕਰਨ ਦੀ।
- ਇਹ ਪ੍ਰਵਾਨ ਕਰਨ ਦੀ ਕਿ ਮਾਪੇ ਆਮ ਤੌਰ 'ਤੇ ਬੱਚਿਆਂ ਦੀਆਂ ਜ਼ਿੰਦਗੀਆਂ ਬਾਰੇ ਫੈਸਲੇ ਕਰਨ ਲਈ ਸਭ ਤੋਂ ਬਿਹਤਰ ਹੁੰਦੇ ਹਨ।
- ਆਪਣੀ ਰਾਇ ਵਿਚਾਰਪੂਰਬਕ ਅਤੇ ਆਦਰ ਨਾਲ ਦੇਣ ਦੀ।
- ਆਪਣੇ ਘਰ ਅਤੇ ਕਮਿਉਨਟੀ ਨਾਲ ਆਦਰ ਨਾਲ ਵਰਤਾਉ ਕਰਨ ਦੀ।

### ਘਰ ਵਿਚ ਜੋ ਵਾਪਰਦਾ ਹੈ ਉਸ 'ਤੇ ਇਹ ਹੱਕ ਕਿਵੇਂ ਅਸਰ ਪਾਉਂਦੇ ਹਨ?

ਮਾਪੇ ਵਜੋਂ, ਤੁਹਾਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ:

- ਤੁਹਾਡੇ ਬੱਚਿਆਂ ਨੂੰ ਸਿਹਤਮੰਦ ਖਾਣਾ ਮਿਲ ਰਿਹਾ ਹੈ ਅਤੇ ਉਹ ਪੂਰਾ ਆਰਾਮ ਕਰ ਰਹੇ ਹਨ।
- ਤੁਹਾਡੇ ਬੱਚਿਆਂ ਦੀ ਡਾਕਟਰ ਵਲੋਂ ਅਤੇ ਉਨ੍ਹਾਂ ਦੇ ਦੰਦਾਂ ਦੀ ਨੇਮ ਨਾਲ ਚੈੱਕਅੱਪ ਹੋ ਰਹੀ ਹੈ।
- ਤੁਹਾਡੇ ਬੱਚਿਆਂ ਨੂੰ ਘਰ ਦਾ ਅਤੇ ਖੇਡਣ ਦਾ ਸਾਫ ਸੁਰੱਖਿਅਤ ਮਾਹੌਲ ਮਿਲ ਰਿਹਾ ਹੈ।
- ਤੁਹਾਡੇ ਬੱਚਿਆਂ ਕੋਲ ਪੜ੍ਹਨ ਅਤੇ ਖੇਡਣ ਲਈ ਸਮਾਂ ਹੈ।
- ਤੁਹਾਡੇ ਬੱਚਿਆਂ ਕੋਲ ਉਨ੍ਹਾਂ ਮਾਮਲਿਆਂ ਬਾਰੇ ਆਪਣੀ ਰਾਇ ਦੇਣ ਦਾ ਹੱਕ ਹੈ ਜਿਹੜੇ ਉਨ੍ਹਾਂ 'ਤੇ ਅਤੇ ਉਨ੍ਹਾਂ ਦੇ ਆਲੇ-ਦੁਆਲੇ 'ਤੇ ਅਸਰ ਪਾਉਂਦੇ ਹਨ।

**"The Rights of a Child"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜ਼ੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਬੱਚੇ ਦੇ ਹੱਕ



## *ਤੁਹਾਡੇ ਬੱਚੇ ਦੀ ਪੜ੍ਹਾਈ ਵਿਚ ਇਨ੍ਹਾਂ ਦਾ ਕੀ ਮਤਲਬ ਹੈ*

## ਮਨੁੱਖੀ ਹੱਕ

*20 ਨਵੰਬਰ, 1989 ਨੂੰ ਯੂਨਾਈਟਡ ਨੇਸ਼ਨਜ਼ ਦੀ ਜਨਰਲ ਅਸੰਬਲੀ ਨੇ 'ਬੱਚੇ ਦੇ ਹੱਕਾਂ ਦਾ ਐਲਾਨਨਾਮਾ' ਅਪਣਾਇਆ। ਕੈਨੇਡਾ ਸਮੇਤ, 193 ਦੇਸ਼ ਇਸ ਐਲਾਨਨਾਮੇ ਦੇ ਸਿਧਾਂਤਾਂ ਲਈ ਸਹਿਮਤ ਹੋਏ ਹਨ। ਕੈਨੇਡਾ ਵਿਚ, 18 ਸਾਲ ਤੋਂ ਘੱਟ ਉਮਰ ਦੇ ਹਰ ਇਕ ਨੂੰ ਬੱਚਾ ਸਮਝਿਆ ਜਾਂਦਾ ਹੈ।*

### ਹੱਕ ਕੀ ਹਨ?

ਹੱਕ ਉਹ ਮੁਢਲੀਆਂ ਆਜ਼ਾਦੀਆਂ ਹਨ ਜਿਨ੍ਹਾਂ ਲਈ ਹਰ ਵਿਅਕਤੀ ਹੱਕਦਾਰ ਹੈ, ਭਾਵੇਂ ਉਸ ਦੀ ਉਮਰ, ਨਸਲ, ਰੰਗ, ਲਿੰਗ, ਬੋਲੀ, ਧਰਮ, ਰਾਜਨਤੀਕ ਵਿਸ਼ਵਾਸ, ਕੌਮੀ ਜਾਂ ਸਮਾਜਿਕ ਪਿਛੋਕੜ ਕੋਈ ਵੀ ਹੋਵੇ।



### 'ਬੱਚੇ ਦੇ ਹੱਕਾਂ ਦਾ ਐਲਾਨਨਾਮਾ' ਕੀ ਕਹਿੰਦਾ ਹੈ?

'ਬੱਚੇ ਦੇ ਹੱਕਾਂ ਦਾ ਐਲਾਨਨਾਮਾ' ਕਹਿੰਦਾ ਹੈ ਕਿ:

- ਬੱਚੇ, ਕਿਉਂਕਿ ਸਰੀਰਕ ਅਤੇ ਦਿਮਾਗੀ ਤੌਰ 'ਤੇ ਨਿਆਣੇ ਹੁੰਦੇ ਹਨ, ਇਸ ਕਰਕੇ ਉਨ੍ਹਾਂ ਨੂੰ ਖਾਸ ਸੁਰੱਖਿਆ ਦੀ ਲੋੜ ਹੁੰਦੀ ਹੈ।
- ਬੱਚਿਆਂ ਨੂੰ ਮਾਪਿਆਂ ਅਤੇ ਕੈਨੇਡਾ ਦੀ ਸਰਕਾਰ ਤੋਂ ਸਭ ਤੋਂ ਬਿਹਤਰ ਭਲਾਈ ਮਿਲਣੀ ਚਾਹੀਦੀ ਹੈ।
- ਇਹ ਹੱਕ ਸਾਰੇ ਬੱਚਿਆਂ ਲਈ ਲਾਗੂ ਹੁੰਦੇ ਹਨ ਭਾਵੇਂ ਉਨ੍ਹਾਂ ਦੀ ਉਮਰ, ਨਸਲ, ਰੰਗ, ਲਿੰਗ, ਬੋਲੀ, ਧਰਮ, ਰਾਜਨਤੀਕ ਵਿਸ਼ਵਾਸ, ਕੌਮੀ ਜਾਂ ਸਮਾਜਿਕ ਪਿਛੋਕੜ ਕੋਈ ਵੀ ਹੋਵੇ।

### ਉਹ ਕੁਝ ਹੱਕ ਕਿਹੜੇ ਹਨ ਜਿਹੜੇ 'ਬੱਚੇ ਦੇ ਹੱਕਾਂ ਦਾ ਐਲਾਨਨਾਮਾ' ਵਿਚ ਸ਼ਾਮਲ ਹਨ?

ਇਹ ਕਿ ਸਾਰੇ ਬੱਚਿਆਂ ਨੂੰ ਹੱਕ ਹੈ:

- ਸਮਾਜਿਕ ਅਤੇ ਜਜ਼ਬਾਤੀ ਤੌਰ 'ਤੇ ਆਜ਼ਾਦ ਅਤੇ ਮਾਣ ਨਾਲ ਵਿਕਸਤ ਹੋਣ ਦਾ।
- ਜੇ ਉਹ ਸਰੀਰਕ ਜਾਂ ਦਿਮਾਗੀ ਤੌਰ 'ਤੇ ਅਪਾਹਜ ਹੋਣ ਤਾਂ ਖਾਸ ਇਲਾਜ ਅਤੇ ਸੰਭਾਲ ਦਾ।
- ਮੁਫਤ ਅਤੇ ਜ਼ਰੂਰੀ ਪੜ੍ਹਾਈ ਦਾ ਜਿਹੜੀ ਉਸ ਦੇ ਸਭਿਆਚਾਰ ਨੂੰ ਉਤਸ਼ਾਹ ਦਿੰਦੀ ਹੋਵੇ ਅਤੇ ਉਸ ਦੇ ਗੁਣਾਂ ਨੂੰ ਵਿਕਸਤ ਕਰਦੀ ਹੋਵੇ।
- ਖੇਡਣ ਅਤੇ ਮਨੋਰੰਜਨ ਦਾ।
- ਹਰ ਕਿਸਮ ਦੀ ਅਣਗਿਹਲੀ ਤੋਂ ਸੁਰੱਖਿਆ ਦਾ।
- ਹਰ ਕਿਸਮ ਦੇ ਵਿਤਕਰੇ ਤੋਂ ਸੁਰੱਖਿਆ ਦਾ।
- ਸਮਝ, ਸਹਿਣਸ਼ੀਲਤਾ, ਦੋਸਤਾਨਾ ਅਤੇ ਸ਼ਾਂਤੀ ਦੀ ਭਾਵਨਾ ਵਿਚ ਵੱਡੇ ਹੋਣ ਦਾ।

### ਇਹ ਸਕੂਲ ਵਿਚ ਤੁਹਾਡੇ ਬੱਚੇ 'ਤੇ ਕਿਵੇਂ ਅਸਰ ਪਾਉਂਦਾ ਹੈ?

ਇਹ ਹੱਕ ਇਹ ਪੱਕਾ ਕਰਦੇ ਹਨ ਕਿ ਤੁਹਾਡੇ ਬੱਚਿਆਂ ਦੀ ਮੁਫਤ ਪੜ੍ਹਾਈ ਤੱਕ ਪਹੁੰਚ ਹੋ ਰਹੀ ਹੈ ਜਿਹੜੀ:

- ਉਨ੍ਹਾਂ ਦੇ ਨਾਂ, ਕੌਮੀਅਤ, ਸਭਿਆਚਾਰ, ਅਤੇ ਰਵਾਇਤਾਂ ਦਾ ਆਦਰ ਕਰਦੀ ਹੈ।
- ਉਨ੍ਹਾਂ ਨਾਲ ਸਨਮਾਨ ਨਾਲ ਵਰਤਾਉ ਕਰਦੀ ਹੈ।
- ਉਨ੍ਹਾਂ ਨੂੰ ਹਰ ਕਿਸਮ ਦੇ ਵਿਤਕਰੇ ਤੋਂ ਬਚਾਉਂਦੀ ਹੈ।
- ਉਨ੍ਹਾਂ ਨੂੰ ਅਜਿਹਾ ਮਾਹੌਲ ਪ੍ਰਦਾਨ ਕਰਦੀ ਹੈ ਜਿਹੜਾ ਸਮਝ, ਸਹਿਣਸ਼ੀਲਤਾ ਵਾਲਾ ਅਤੇ ਸ਼ਾਂਤ ਹੈ।
- ਉਨ੍ਹਾਂ ਦੇ ਗੁਣਾਂ ਨੂੰ ਵਿਕਸਤ ਕਰਦੀ ਹੈ।
- ਖੇਡਣ ਅਤੇ ਮਨੋਰੰਜਨ ਲਈ ਸਮਾਂ ਸ਼ਾਮਲ ਕਰਦੀ ਹੈ।
- ਖਾਸ ਸਲੂਕ ਅਤੇ ਸੰਭਾਲ ਪ੍ਰਦਾਨ ਕਰਦੀ ਹੈ ਜਿਸ ਦੀ ਉਨ੍ਹਾਂ ਨੂੰ ਲੋੜ ਹੋ ਸਕਦੀ ਹੈ।